# ਯਿਸੂ ਮਸੀਹ ਦੇ ਜੀ ਉੱਠਣ ਦਾ ਸਬੂਤ

ਫ੍ਰੈਂਕਲਿਨ ਦੁਆਰਾ

ਮੱਤੀ 28:1-6 ਜਾਂ ਸਬਤ ਦਾ ਦਿਨ ਬੀਤ ਗਿਆ ਤਾਂ ਹਫ਼ਤੇ ਦੇ ਪਹਿਲੇ ਦਿਨ ਪਹਿ ਫੁੱਟਣ ਦੇ ਵੇਲੇ ਮਰਿਯਮ ਮਗਦਲੀਨੀ
ਅਤੇ ਦੂਈ ਮਰਿਯਮ ਕਬਰ ਨੂੰ ਵੇਖਣ ਆਈਆਂ। 2 ਅਰ ਵੇਖੋ ਇੱਕ ਵੱਡਾ **ਭੁਚਾਲ** ਆਇਆ ਇਸ ਲਈ ਜੋ ਪ੍ਰਭੂ ਦਾ
**ਦੂਤ** ਅਕਾਸ਼ੋਂ ਉੱਤਰਿਆ ਅਰ ਨੇੜੇ ਆਣ ਕੇ ਉਸ **ਪੱਥਰ ਨੂੰ ਰੇੜ੍ਹ ਕੇ ਲਾਂਭੇ ਕਰ ਦਿੱਤਾ** ਅਰ ਉਸ ਉੱਤੇ ਬਹਿ ਗਿਆ। 3
ਉਹ ਦਾ ਰੂਪ ਬਿਜਲੀ ਵਰਗਾ ਅਰ ਉਹ ਦਾ ਬਸਤਰ ਬਰਫ਼ ਜਿਹਾ ਚਿੱਟਾ ਸੀ। 4 ਅਤੇ ਉਹ ਦੇ ਭੈ ਦੇ ਮਾਰੇ ਰਾਖੇ ਕੰਬ
ਉੱਠੇ ਅਤੇ ਮੁਰਦਿਆਂ ਵਾਂਙੁ ਹੋ ਗਏ। 5 ਪਰ ਦੂਤ ਨੇ ਅੱਗੋਂ ਇਸਤਰੀਆਂ ਨੂੰ ਕਿਹਾ, ਤੁਸੀਂ ਨਾ ਡਰੋ ਕਿਉਂਕਿ ਮੈਂ ਜਾਣਦਾ
ਹਾਂ ਜੋ ਤੁਸੀਂ **ਯਿਸੂ ਨੂੰ** ਜਿਹੜਾ ਸਲੀਬ ਉੱਤੇ ਚੜ੍ਹਾਇਆ ਗਿਆ ਸੀ **ਭਾਲਦੀਆਂ ਹੋ।** 6 **ਉਹ ਐਥੇ ਹੈ ਨਹੀਂ ਕਿਉਂਕਿ**
**ਜਿਵੇਂ ਉਸ ਨੇ ਕਿਹਾ ਸੀ ਉਹ ਜੀ ਉੱਠਿਆ ਹੈ।** ਆਓ ਇਹ ਥਾਂ ਵੇਖੋ ਜਿੱਥੇ ਪ੍ਰਭੂ ਪਿਆ ਹੋਇਆ ਸੀ।

ਇਨ੍ਹਾਂ ਦੋ ਔਰਤਾਂ ਲਈ . . . *ਯਿਸੂ ਨੂੰ ਵੇਖਣ* ਦੀ ਉਨ੍ਹਾਂ ਦੀ ਤੀਬਰ ਇੱਛਾ ਉਨ੍ਹਾਂ ਦੇ ਡਰ ਨਾਲੋਂ ਵੱਡੀ ਸੀ।

ਜੇਕਰ ਤੁਸੀਂ ਯਿਸੂ ਨੂੰ ਭਾਲਦੇ ਹੋ, ਜੇਕਰ ਤੁਸੀਂ ਉਸ ਨੂੰ “ਵੇਖਣਾ ਚਾਹੁੰਦੇ ਹੋ:

**ਪਹਿਲਾ:**

- **ਆਓ** ਖਾਲੀ ਕਬਰ ਨੂੰ **ਵੇਖੋ** ਅਤੇ **ਜੀ ਉੱਠਣ ਉੱਤੇ ਵਿਸ਼ਵਾਸ ਕਰੋ।**

- ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ। ਇਬਰਾਨੀਆਂ 11:6



**ਦੂਸਰਾ: ਆਇਤ** 7: ਅਰ **ਛੇਤੀ ਜਾਕੇ** ਉਹ ਦੇ ਚੇਲਿਆਂ ਨੂੰ **ਆਖੋ** ਭਈ **ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ** ...

ਵੇਖੋ ਅਤੇ ਫਿਰ ਜਾ ਕੇ ਦੱਸੋ = ਉਹ ਚਾਹੁੰਦਾ ਹੈ ਕਿ ਹਰੇਕ ਜਾਣੇ!

. . . ਵੇਖੋ ਉਹ ਤੁਹਾਥੋਂ ਅੱਗੇ ਗਲੀਲ ਨੂੰ ਜਾਂਦਾ ਹੈ, **ਉਹ ਨੂੰ ਤੁਸੀਂ ਉੱਥੇ ਵੇਖੋਗੇ।**

ਆਗਿਆਕਾਰੀ ਅਤੇ ਫਿਰ ਵੱਡਾ ਪ੍ਰਕਾਸ਼ਣ!

**ਨਤੀਜਾ: ਆਇਤਾਂ 8-9**

ਅਤੇ **ਓਹ ਭੈ ਅਤੇ ਵੱਡੀ ਖ਼ੁਸ਼ੀ ਨਾਲ ਕਬਰ ਕੋਲੋਂ ਛੇਤੀ ਚੱਲ ਕੇ** ਉਹ ਦੇ ਚੇਲਿਆਂ ਨੂੰ ਖ਼ਬਰ ਦੇਣ ਲਈ ਦੌੜੀਆਂ
ਗਈਆਂ। [9] ਅਤੇ ਵੇਖੋ ਯਿਸੂ ਉਨ੍ਹਾਂ ਨੂੰ ਮਿਲਿਆ ਅਰ ਬੋਲਿਆ, ਸੁਖੀ ਰਹੋ! ਅਤੇ ਉਨ੍ਹਾਂ ਨੇ ਕੋਲ ਆਣ ਕੇ ਉਹ ਦੇ
ਚਰਨ ਫੜੇ ਅਤੇ ਉਸ ਨੂੰ ਮੱਥਾ ਟੇਕਿਆ।

ਉਨ੍ਹਾਂ ਦੀ ਇੱਛਾ, ਉਨ੍ਹਾਂ ਦੀ ਭੁੱਖ, ਉਨ੍ਹਾਂ ਦੀ ਖੋਜ, ਉਨ੍ਹਾਂ ਦੀ ਪ੍ਰਾਰਥਨਾ ਦਾ ਉੱਤਰ ਦਿੱਤਾ ਗਿਆ!

**ਅਤੇ ਯਿਸੂ ਕੀ ਆਖਦਾ ਹੈ?** **ਆਇਤ** 10 **ਡਰੋ ਨਾ, ਜਾਓ**, ਮੇਰੇ ਭਾਈਆਂ ਨੂੰ ਆਖੋ ਜੋ ਗਲੀਲ ਨੂੰ ਜਾਣ ਅਤੇ **ਓਹ ਉੱਥੇ ਮੈਨੂੰ ਵੇਖਣਗੇ।**

ਜੀ ਉੱਠਣਾ = ਜੀ ਉੱਠਿਆ ਪ੍ਰਭੂ ਯਿਸੂ = ਸਾਰੇ ਡਰ ਨੂੰ ਹਟਾਉਂਦਾ ਹੈ

ਖਾਲੀ ਕਬਰ, ਆਪਣੇ ਡਰਾਂ ਨੂੰ ਖਾਲੀ ਕਰਨਾ ਚਾਹੀਦਾ ਹੈ!

ਡਰ ਦਾ ਦੋ ਟਨ ਭਾਰਾ ਪੱਥਰ = ਪਰੇ ਹਟਾਇਆ ਗਿਆ!

ਇਬਰਾਨੀਆਂ 2:14-15 ਸੋ ਜਦ ਬਾਲਕ ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ ਤਾਂ ਜੋ ਮੌਤ ਦੇ **ਰਾਹੀਂ** ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ **ਨਾਸ ਕਰੇ**। ਅਤੇ **ਉਨ੍ਹਾਂ ਨੂੰ** ਜਿਹੜੇ **ਮੌਤ ਦੇ ਡਰ** ਤੋਂ ਸਾਰੀ ਉਮਰ ਗੁਲਾਮੀ ਵਿੱਚ ਫਸੇ ਹੋਏ ਸਨ **ਛੁਡਾਵੇ।**

ਜ਼ਬੂਰ 23:4 ਭਾਵੇਂ ਮੈਂ ਮੌਤ ਦੀ ਛਾਂ ਦੀ ਵਾਦੀ ਵਿੱਚ ਫਿਰਾਂ, **ਮੈਂ ਕਿਸੇ ਬਦੀ ਤੋਂ ਨਹੀਂ ਡਰਾਂਗਾ**, ਤੂੰ ਜੋ ਮੇਰੇ ਨਾਲ ਹੈਂ। ਤੇਰੀ ਸੋਟੀ ਤੇ ਤੇਰੀ ਲਾਠੀ, ਏਹ ਮੈਨੂੰ ਤੱਸਲੀ ਦਿੰਦੀਆਂ ਹਨ।

ਜ਼ਬੂਰ 27:1 ਯਹੋਵਾਹ ਮੇਰਾ ਚਾਨਣ ਅਤੇ ਮੇਰਾ ਬਚਾਓ ਹੈ, ਮੈਂ ਕਿਸ ਤੋਂ **ਡਰਾਂ**? ਯਹੋਵਾਹ ਮੇਰੇ ਜੀਉਣ ਦਾ ਗੜ੍ਹ ਹੈ, ਮੈਂ ਕਿਸ ਦਾ **ਭੈ ਖਾਵਾਂ**?

ਯਸਾਯਾਹ 43:1 **ਨਾ ਡਰ**, ਮੈਂ ਤੇਰਾ ਨਿਸਤਾਰਾ ਜੋ ਦਿੱਤਾ ਹੈ, ਮੈਂ ਤੇਰਾ ਨਾਉਂ ਲੈ ਕੇ ਤੈਨੂੰ ਜੋ ਬੁਲਾਇਆ ਹੈ, ਤੂੰ ਮੇਰਾ ਹੈਂ।

ਰਸੂਲਾਂ ਦੇ ਕਰਤੱਬ 18:8-11 ਤਾਂ ਪ੍ਰਭੂ ਨੇ ਰਾਤ ਦੇ ਵੇਲੇ ਪੌਲੁਸ ਨੂੰ ਦਰਸ਼ਣ ਦੇ ਕੇ ਕਿਹਾ, **ਨਾ ਡਰ** ਸਗੋਂ ਬੋਲੀ ਜਾਹ ਅਤੇ ਚੁੱਪ ਨਾ ਰਹੁ। ਇਸ ਲਈ ਜੋ ਮੈਂ ਤੇਰੇ ਨਾਲ ਹਾਂ ਅਤੇ ਕੋਈ ਤੈਨੂੰ ਦੁੱਖ ਦੇਣ ਲਈ ਤੇਰੇ ਉੱਤੇ ਹੱਲਾ ਨਾ ਕਰੇਗਾ ਕਿਉਂ ਜੋ ਇਸ ਸ਼ਹਿਰ ਵਿੱਚ ਮੇਰੇ ਬਹੁਤ ਸਾਰੇ ਲੋਕ ਹਨ।

**ਆਇਤਾਂ**: 11–15
ਜਿਸ ਵੇਲੇ ਓਹ ਚੱਲੀਆਂ ਜਾਂਦੀਆਂ ਸਨ ਤਾਂ ਵੇਖੋ ਪਹਿਰੇ ਵਾਲਿਆਂ ਵਿੱਚੋਂ ਕਿੰਨਿਆਂ ਨੇ ਸ਼ਹਿਰ ਜਾਕੇ ਸਾਰੀ ਵਾਰਤਾ
ਪਰਧਾਨ ਜਾਜਕਾਂ ਨੂੰ ਦੱਸ ਦਿੱਤੀ। [12] ਅਤੇ ਓਹ ਬਜੁਰਗਾਂ ਦੇ ਨਾਲ ਇਕੱਠੇ ਹੋਏ ਅਰ ਮਤਾ ਪਕਾ ਕੇ ਸਿਪਾਹੀਆਂ ਨੂੰ
**ਬਹੁਤ ਰੁਪਏ** ਦਿੱਤੇ। [13] ਅਤੇ ਬੋਲੇ, **ਤੁਸੀਂ ਇਹ ਕਹਿਣਾ** ਕਿ ਜਦ ਅਸੀਂ ਸੁੱਤੇ ਹੋਏ ਸਾਂ ਉਹ ਦੇ ਚੇਲੇ ਰਾਤ ਨੂੰ ਆਣ ਕੇ
ਉਹ ਨੂੰ ਚੁਰਾ ਲੈ ਗਏ। [14] ਅਤੇ ਜੇ ਇਹ ਗੱਲ ਹਾਕਮ ਦੇ ਕੰਨਾਂ ਤੀਕਰ ਪਹੁੰਚੇ ਤਾਂ ਅਸੀਂ ਉਹ ਨੂੰ ਮਨਾ ਕੇ ਤੁਹਾਨੂੰ

ਨਿਚਿੰਤ ਕਰ ਦਿਆਂਗੇ। [15] ਸੋ ਉਨ੍ਹਾਂ ਨੇ ਰੁਪਏ ਲੈਕੇ ਉਸੇ ਤਰਾਂ ਕੀਤਾ ਜਿਸ ਤਰਾਂ ਸਿਖਲਾਏ ਗਏ ਸਨ ਅਤੇ ਇਹ ਗੱਲ ਅੱਜ ਤੀਕ ਯਹੂਦੀਆਂ ਵਿੱਚ ਉਜਾਗਰ ਹੈ।

- ਪਹਿਰੇਦਾਰਾਂ ਨੂੰ **ਪੈਸੇ ਦਿੱਤੇ ਗਏ ਸਨ** ਕਿ ਉਹ ਆਖਣ ਕਿ ਚੇਲਿਆਂ ਨੇ ਲਾਸ਼ ਨੂੰ ਚਰਾਇਆ ਹੈ।
- ਪਿਲਾਤੁਸ ਨੇ **ਸਿਪਾਹੀਆਂ ਨੂੰ ਕਬਰ ਦੀ ਰਖਵਾਲੀ ਕਰਨ ਲਈ** ਭੇਜਿਆ ਅਤੇ ਇਸ ਨੂੰ ਤਿੰਨ ਦਿਨਾਂ ਲਈ ਮੋਹਰ ਲਗਾ ਕੇ ਬੰਦ ਕਰ ਦਿੱਤਾ, ਤਾਂ ਕਿ ਲਾਸ਼ ਦੇ ਚੋਰੀ ਹੋ ਜਾਣ ਨੂੰ ਰੋਕਿਆ ਜਾ ਸਕੇ। ਮੱਤੀ 27:62-66

ਪਹਿਲਾ:

**ਕਿਸੇ ਵੀ ਚੇਲੇ ਨੂੰ ਯਿਸੂ ਦੀ ਲਾਸ਼ ਨੂੰ ਚੋਰੀ ਕਰਨ ਦੇ ਜੁਰਮ ਵਿੱਚ ਗ੍ਰਿਫਤਾਰ ਨਹੀਂ ਕੀਤਾ ਗਿਆ ਜਾਂ ਨਾ ਹੀ ਕਿਸੇ ਚੇਲੇ ਨੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ।** ਇਹ ਸਬੂਤ ਹੈ ਕਿ ਸਰਕਾਰੀ ਅਧਿਕਾਰੀਆਂ ਨੇ ਪਹਿਰੇਦਾਰਾਂ ਦੀ ਕਹਾਣੀ ਉੱਤੇ ਵਿਸ਼ਵਾਸ ਨਹੀਂ ਕੀਤਾ, ਉਨ੍ਹਾਂ ਨੇ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ।

ਦੂਸਰਾ:

**ਚੇਲਿਆਂ ਵਿੱਚ ਹੌਂਸਲੇ ਦੀ ਘਾਟ ਸੀ।** ਕੀ ਉਨ੍ਹਾਂ ਨੇ ਲਾਸ਼ ਨੂੰ ਚੁਰਾਇਆ, ਤਾਂ ਫਿਰ ਤੁਸੀਂ ਇਸ ਸੱਚਾਈ ਦਾ ਵਰਣਨ ਕਿਵੇਂ ਕਰੋਗੇ ਕਿ ਉਨ੍ਹਾਂ ਨੇ ਦੁੱਖ ਝੱਲਿਆ ਅਤੇ ਉਨ੍ਹਾਂ ਵਿੱਚੋਂ ਬਹੁਤੇ ਸ਼ਹੀਦ ਹੋਏ? ਮੌਤ ਸਾਹਮਣੇ ਹੋਣ ਦੇ ਕਾਰਨ ਉਨ੍ਹਾਂ ਵਿੱਚੋਂ ਕੋਈ ਆਪਣੀ ਜਾਣ ਬਚਾਉਣ ਲਈ "ਚੁਰਾਈ ਹੋਈ ਲਾਸ਼" ਨੂੰ ਲੁਕਾਉਣ ਦੇ ਸਥਾਨ ਬਾਰੇ ਦੱਸ ਸਕਦਾ ਸੀ।

ਤੀਸਰਾ:

ਕੀ **ਯਿਸੂ ਦੇ ਵੈਰੀ ਲਾਸ਼ ਨੂੰ ਲੈ ਗਏ**, ਜੇਕਰ ਉਹ ਲੈ ਕੇ ਗਏ ਹੁੰਦੇ ਤਾਂ ਉਹ ਇਸ ਨੂੰ ਲੋਕਾਂ ਦੇ ਸਾਹਮਣੇ ਲੈ ਕੇ ਆਉਂਦੇ ਅਤੇ ਛੇਤੀ ਨਾਲ ਮਸੀਹਅਤ ਦਾ ਅੰਤ ਕਰ ਦਿੰਦੇ।

ਚੌਥਾ:

ਖਾਲੀ ਕਬਰ ਦੇ ਵਿੱਚ ਮਿਲਿਆ **ਕਫ਼ਨ** ਜੀ ਉੱਠਣ ਦਾ ਸਬੂਤ ਹੈ (ਯੂਹੰਨਾ 20:1-10)। ਜੇਕਰ ਮਿੱਤਰਾਂ ਜਾਂ ਵੈਰੀਆਂ ਨੇ ਚੁਰਾਇਆ ਹੁੰਦਾ, ਤਾਂ ਉਹ ਕਫ਼ਨ ਨੂੰ ਉਤਾਰਦੇ, ਕਿਉਂਕਿ ਉਹ ਤਿੰਨ ਦਿਨ ਅਤੇ ਰਾਤਾਂ ਤੋਂ ਮਰਿਆ ਹੋਇਆ ਸੀ। ਜਦੋਂ ਯੂਹੰਨਾ ਨੇ ਕਫ਼ਨ ਨੂੰ ਵੇਖਿਆ ਅਤੇ ਜਾਣਿਆ ਕਿ ਇਹ ਉਸੇ ਤਰ੍ਹਾਂ ਤੈਅ ਕੀਤਾ ਹੋਇਆ ਸੀ ਜਿਵੇਂ ਇਹ ਲਾਸ਼ ਦੇ ਦੁਆਲੇ ਲਪੇਟਿਆ ਗਿਆ ਸੀ, ਉਸ ਨੇ ਜਾਣ ਲਿਆ ਕਿ ਇੱਕ ਚਮਤਕਾਰ ਹੋ ਚੁੱਕਿਆ ਸੀ। ਯਿਸੂ ਕਫ਼ਨ ਦੇ ਵਿੱਚੋਂ ਬਾਹਰ ਆਇਆ ਅਤੇ ਉਹ ਤੈਅ ਨੂੰ ਖਰਾਬ ਕੀਤੇ ਬਿਨ੍ਹਾਂ ਜੁੜ ਗਿਆ। ਉਹ ਖਾਲੀ ਕਬਰ ਦੇ ਵਿੱਚ "ਅਚੂਕ ਸਬੂਤ" ਦੇ ਤੌਰ 'ਤੇ ਛੱਡਿਆ ਗਿਆ ਅਤੇ ਜਦੋਂ ਯੂਹੰਨਾ ਨੇ ਵੇਖਿਆ ਅਤੇ ਸਮਝਿਆ, ਉਸ ਨੇ ਵਿਸ਼ਵਾਸ ਕੀਤਾ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ।

ਪੰਜਵਾਂ:

**ਚਸ਼ਮਦੀਦ ਗਵਾਹ** ਪੰਜ ਹਜ਼ਾਰ ਤੋਂ ਵੱਧ ਨੂੰ 1 ਕੁਰਿੰਥੀਆਂ 15:6

ਅਤੇ ਜਦੋਂ ਉਨ੍ਹਾਂ ਨੇ ਯਿਸੂ ਨੂੰ ਵੇਖ ਲਿਆ ਤਾਂ ਉਸ ਨੇ ਉਨ੍ਹਾਂ ਨੂੰ ਕੀ ਦੱਸਿਆ?

**ਆਇਤਾਂ 16-20**

ਫੇਰ ਓਹ ਗਿਆਰਾਂ ਚੇਲੇ ਗਲੀਲ ਵਿੱਚ ਉਸ ਪਹਾੜ ਉੱਤੇ ਗਏ ਜਿੱਥੇ ਯਿਸੂ ਉਨ੍ਹਾਂ ਨਾਲ ਠਹਿਰਾਇਆ ਹੋਇਆ ਸੀ। [17]
ਅਤੇ **ਉਨ੍ਹਾਂ ਉਸ ਨੂੰ ਵੇਖ ਕੇ** ਮੱਥਾ ਟੇਕਿਆ ਪਰ ਕਈਆਂ ਨੇ ਭਰਮ ਕੀਤਾ। [18] ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ
ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। [19] ਇਸ ਲਈ

ਤੁਸੀਂ **ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ** ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ **ਬਪਤਿਸਮਾ ਦਿਓ।** [20] ਅਰ ਉਨ੍ਹਾਂ ਨੂੰ **ਸਿਖਾਓ** ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।

ਜਾਓ ਅਤੇ ਦੱਸੋ . . . ਤਾਂ ਕਿ ਦੂਸਰੇ ਵੀ ਉਸ ਨੂੰ ਵੇਖ ਸਕਣ! ਯਿਸੂ ਨੂੰ ਵੇਖੋ!

ਛੇਵਾਂ:

ਜੀ ਉੱਠਣ ਤੋਂ ਬਾਅਦ **ਚੇਲਿਆਂ ਦੇ ਜੀਵਨ ਵਿੱਚ ਤਬਦੀਲੀ**, ਡਰ ਤੋਂ ਅਸੀਮਿਤ ਦਲੇਰੀ।

- ਉਨ੍ਹਾਂ ਨੇ ਸਤਾਓ ਵਿੱਚ ਅਨੰਦ ਮਨਾਇਆ (ਰਸੂਲਾਂ ਦੇ ਕਰਤੱਬ 5:40-42)।

- ਉਨ੍ਹਾਂ ਨੇ ਉਸ ਦਾ ਇਨਕਾਰ ਕਰਨ ਨਾਲੋਂ ਜਿਸ ਨੂੰ ਉਹ ਸੱਚ ਮੰਨਦੇ ਸਨ, ਜੀ ਉੱਠੇ ਮਸੀਹ ਉੱਤੇ ਵਿਸ਼ਵਾਸ ਕਰਨਾ ਅਤੇ ਮੌਤ ਨੂੰ ਚੁਣਿਆ। ਰਸੂਲਾਂ ਵਿੱਚੋਂ ਦਸ ਨੇ ਭਿਆਨਕ ਦਰਦਨਾਕ ਮੌਤ ਦਾ ਸਾਹਮਣਾ ਕੀਤਾ।

**ਰਸੂਲਾਂ ਦੇ ਕਰਤੱਬ 1:3** ਉਸ ਨੇ ਆਪਣੇ ਦੁੱਖ ਭੋਗਣ ਦੇ ਮਗਰੋਂ ਆਪ ਨੂੰ ਉਨ੍ਹਾਂ ਉੱਤੇ **ਬਹੁਤਿਆਂ ਪਰਮਾਣਾਂ** ਨਾਲ **ਜੀਉਂਦਾ** ਪਰਗਟ ਕੀਤਾ।

- ਪਹਿਲੇ ਮਸੀਹੀ ਜੀ ਉੱਠਣ ਦਾ ਪ੍ਰਚਾਰ ਕਰਦੇ ਹੋਏ ਹਰ ਜਗ੍ਹਾ ਗਏ (ਰਸੂਲਾਂ ਦੇ ਕਰਤੱਬ 8)।
  **ਪਤਰਸ** ਰਸੂਲਾਂ ਦੇ ਕਰਤੱਬ 2:14, 22-24, 36

## ਸੰਸਾਰ ਦੇ ਧਰਮਾਂ ਵਿੱਚੋਂ ਕੇਵਲ ਮਸੀਹਅਤ ਇਸ ਦੇ ਸੰਸਥਾਪਕ ਦੀ ਕਬਰ ਖਾਲੀ ਹੋਣ ਦੀ ਘੋਸ਼ਣਾ ਕਰਦੀ ਹੈ।

ਅਸਲ ਵਰਣਨਾਂ ਦੇ ਵਿੱਚ ਬੁੱਧ ਦੇ ਜੀ ਉੱਠਣ ਦਾ ਕੋਈ ਵੀ ਦਾਅਵਾ ਨਹੀਂ ਹੈ। ਮਹੰਮਦ 61 ਸਾਲ ਦੀ ਉਮਰ ਵਿੱਚ, 8 ਜੂਨ, 632 A.D ਨੂੰ ਮੀਡੀਨਾ ਦੇ ਵਿੱਚ ਮਰਿਆ, ਜਿੱਥੇ ਉਸ ਦੀ ਕਬਰ ਉੱਤੇ ਹਰ ਸਾਲ ਹਜ਼ਾਰਾਂ ਸ਼ਰਧਾਲੂ ਜਾਂਦੇ ਹਨ।

ਯਹੂਦੀ ਧਰਮ ਦਾ ਪਿਤਾ ਅਬਰਾਹਾਮ, ਲੱਗਭਗ 1900 B.C ਵਿੱਚ ਮਰਿਆ, ਪਰ ਉਸ ਦੇ ਜੀ ਉੱਠਣ ਦਾ ਕਦੇ ਵੀ ਕੋਈ ਦਾਅਵਾ ਨਹੀਂ ਕੀਤਾ ਗਿਆ।

ਯਿਸੂ ਨੇ ਕੇਵਲ ਆਪਣੇ ਜੀ ਉੱਠਣ ਬਾਰੇ ਭਵਿੱਖਬਾਣੀ ਹੀ ਨਹੀਂ ਕੀਤੀ ਪਰ ਇਹ ਵੀ ਜ਼ੋਰ ਦਿੱਤਾ ਕਿ ਉਸ ਦਾ ਮੁਰਦਿਆਂ ਵਿੱਚੋਂ ਜੀ ਉੱਠਣਾ, ਉਸ ਦੇ ਮਸੀਹਾ ਹੋਣ ਦੇ ਦਾਅਵਿਆ ਨੂੰ ਪ੍ਰਮਾਣਿਤ ਕਰਨ ਲਈ "ਚਿੰਨ੍ਹ" ਹੋਵੇਗਾ।

ਯੂਹੰਨਾ 2:18-22 ਉਪਰੰਤ ਯਹੂਦੀਆਂ ਨੇ ਅੱਗੋਂ ਉਸ ਨੂੰ ਆਖਿਆ, ਤੂੰ ਕਿਹੜੀ **ਨਿਸ਼ਾਨ** ਸਾਨੂੰ ਵਿਖਾਲਦਾ ਹੈਂ ਜੋ **ਏਹ ਕੰਮ ਕਰਦਾ ਹੈਂ**? [19] ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਇਸ ਹੈਕਲ ਨੂੰ ਢਾਹ ਸੁੱਟੋ ਤਾਂ ਮੈਂ ਤਿੰਨਾਂ ਦਿਨਾਂ ਵਿੱਚ ਇਹ ਨੂੰ ਖੜਾ ਕਰ ਦਿਆਂਗਾ . . . [21] ਪਰ ਉਸ ਨੇ **ਆਪਣੇ ਸਰੀਰ** ਦੀ ਹੈਕਲ ਦੀ ਗੱਲ ਕਹੀ ਸੀ। [22] ਸੋ ਜਾਂ ਉਹ ਮੁਰਦਿਆਂ

ਵਿੱਚੋਂ ਜੀ ਉੱਠਿਆ ਤਾਂ ਉਸ ਦੇ ਚੇਲਿਆਂ ਨੂੰ ਚੇਤੇ ਆਇਆ ਜੋ ਉਸ ਨੇ ਇਹ ਆਖਿਆ ਸੀ ਅਤੇ ਉਨ੍ਹਾਂ ਨੇ ਉਸ **ਲਿਖਤ ਦੀ ਅਤੇ ਉਸ ਬਚਨ ਦੀ** ਜੋ ਯਿਸੂ ਨੇ ਕਿਹਾ ਸੀ **ਪਰਤੀਤ ਕੀਤੀ।**

ਮੱਤੀ 16:21 ਉਸ ਸਮੇ ਤੋਂ ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਮੈਨੂੰ ਜਰੂਰ ਹੈ ਜੋ ਯਰੂਸ਼ਲਮ ਨੂੰ ਜਾਵਾਂ ਅਤੇ ਬਜੁਰਗਾਂ ਅਤੇ ਪਰਧਾਨ ਜਾਜਕਾਂ ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁੱਖ ਝੱਲਾਂ ਅਤੇ **ਮਾਰ ਦਿੱਤਾ ਜਾਵਾਂ** ਅਤੇ **ਤੀਏ ਦਿਨ ਜੀ ਉੱਠਾਂ।**

ਯੂਹੰਨਾ 14:19 ਹੁਣ ਥੋੜੇ ਚਿਰ ਪਿੱਛੋਂ ਜਗਤ ਮੈਨੂੰ ਫੇਰ ਨਾ ਵੇਖੇਗਾ ਪਰ **ਤੁਸੀਂ ਮੈਨੂੰ ਵੇਖੋਗੇ। ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਓਗੇ।**

ਯਿਸੂ ਮਸੀਹ ਤੋਂ ਬਿਨ੍ਹਾਂ **ਹੋਰ ਕਿਸੇ ਵੀ ਧਰਮ ਦੇ ਕਿਸੇ ਸੰਸਥਾਪਕ ਜਾਂ** ਲੋਕਾਂ ਦੇ **ਆਗੂ ਨੇ ਇਹ ਕਹਿਣ ਦੀ ਹਿੰਮਤ ਨਹੀਂ ਕੀਤੀ ਕਿ ਉਹ** ਆਪਣੀ ਮੌਤ ਤੋਂ ਬਾਅਦ **ਜੀ ਉੱਠੇਗਾ। ਕਿਉਂਕਿ ਜੇਕਰ ਉਹ ਜੀਉਂਦਾ ਨਾ ਹੁੰਦਾ**, ਤਾਂ ਇਹ ਉਸ ਦੇ ਧਰਮ ਦਾ ਅੰਤ ਹੁੰਦਾ। ਯਿਸੂ ਮਸੀਹ ਨੇ ਦਲੇਰੀ ਨਾਲ ਇਹ ਭਵਿੱਖਬਾਣੀ ਕੀਤੀ ਅਤੇ ਤੀਸਰੇ ਦਿਨ ਇਹ ਹੋਇਆ ਅਤੇ ਮਸੀਹਅਤ ਕਦੇ ਵੀ ਖਤਮ ਨਾ ਹੋਣ ਦੇ ਲਈ ਪੈਦਾ ਹੋਈ ਕਿਉਂਕਿ ਅਸੀਂ ਜੀ ਉੱਠੇ ਮੁਕਤੀਦਾਤਾ ਦੀ ਸੇਵਾ ਕਰਦੇ ਹਾਂ।

## ਸਿੱਟਾ:

> . . . ਮੁਰਦਿਆਂ ਵਿੱਚੋਂ **ਜੀ ਉੱਠਣ ਤੋਂ ਸਮਰੱਥਾ ਨਾਲ ਪਰਮੇਸ਼ਰ ਦਾ ਪੁੱਤਰ** ਸਾਡਾ ਪ੍ਰਭੂ ਯਿਸੂ ਮਸੀਹ **ਮਿਥਿਆ ਗਿਆ।** ਰੋਮੀਆਂ 1:4

ਇੱਥੇ ਵਰਣਨ ਹੈ:

| | |
|---|---|
| ਕਨਫਿਊਸ਼ਸ ਦੀ ਕਬਰ – | ਭਰੀ ਹੈ |
| ਬੁੱਧ ਦੀ ਕਬਰ – | ਭਰੀ ਹੈ |
| ਮਹੰਮਦ ਦੀ ਕਬਰ – | ਭਰੀ ਹੈ |
| ਯਿਸੂ ਮਸੀਹ ਦੀ ਕਬਰ – | ਖਾਲੀ ਹੈ! |

ਇਹ ਫੈਸਲਾ ਹੁਣ ਤੁਸੀਂ ਕਰਨਾ ਹੈ। ਸਬੂਤ ਆਪਣੇ ਆਪ ਬੋਲਦੇ ਹਨ।

ਇਹ ਬਹੁਤ ਸਪਸ਼ਟ ਰੂਪ ਵਿੱਚ ਆਖਦਾ ਹੈ: ਮਸੀਹ ਸੱਚਮੁੱਚ ਜੀਉਂਦਾ ਹੈ! ਲੂਕਾ 24:34

ਰੋਮੀਆਂ 10:9-10 ਕਿਉਂਕਿ ਜੇ ਤੂੰ **ਆਪਣੇ ਮੂੰਹ ਨਾਲ** ਪ੍ਰਭੂ ਯਿਸੂ **ਦਾ ਇਕਰਾਰ ਕਰੇਂ** ਅਤੇ ਆਪਣੇ **ਹਿਰਦੇ** ਨਾਲ **ਮੰਨ ਲਵੇਂ** ਜੋ ਪਰਮੇਸ਼ਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ। [10] ਧਰਮ ਲਈ ਤਾਂ **ਹਿਰਦੇ** ਨਾਲ **ਨਿਹਚਾ** ਕਰੀਦੀ ਅਤੇ ਮੁਕਤੀ ਲਈ **ਮੂੰਹ ਨਾਲ ਇਕਰਾਰ ਕਰੀਦਾ ਹੈ।** [11] ਧਰਮ ਪੁਸਤਕ ਇਉਂ ਕਹਿੰਦਾ ਹੈ ਭਈ *ਜੋ ਕੋਈ ਓਸ ਉੱਤੇ ਨਿਹਚਾ ਕਰੇ ਉਹ ਲੱਜਿਆਵਨ ਨਾ ਹੋਵੇਗਾ।*

ਮੁਕਤੀ – ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਸਦੀਪਕ ਜੀਵਨ ਇਸ ਉੱਤੇ ਨਿਰਭਰ ਕਰਦਾ ਹੈ:

ਵਿਸ਼ਵਾਸ ਅਤੇ ਅੰਗੀਕਾਰ

1. **ਵਿਸ਼ਵਾਸ** – ਤੁਸੀਂ ਆਪਣੇ ਮਨ ਵਿੱਚ (ਕੇਵਲ ਆਪਣੇ ਦਿਮਾਗ ਤੋਂ ਹੀ ਨਹੀਂ) ਸੱਚਮੁੱਚ ਵਿਸ਼ਵਾਸ ਕਰਦੇ ਹੋ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ।

   ਅਤੇ

2. **ਅੰਗੀਕਾਰ** – ਕਿ ਤੁਸੀਂ ਆਪਣੀ ਇੱਛਾ ਨਾਲ ਅਤੇ ਖੁਸ਼ੀ ਨਾਲ ਦੂਸਰਿਆਂ ਨੂੰ ਦੱਸਦੇ ਹੋ ਕਿ "ਯਿਸੂ ਪ੍ਰਭੂ ਹੈ"।

ਤੁਸੀਂ ਬਚਾਏ ਜਾਵੋਗੇ – ਪਾਪ ਮਾਫ਼ ਕੀਤੇ ਜਾਣਗੇ – ਅਤੇ ਸਦੀਪਕ ਜੀਵਨ ਦਾ ਅਨੰਦ ਮਾਣੋਗੇ।

ਯੂਹੰਨਾ 11:25-26 ਕਿਆਮਤ ਅਤੇ ਜੀਉਣ ਮੈਂ ਹਾਂ। ਜੋ **ਮੇਰੇ ਉੱਤੇ ਨਿਹਚਾ ਕਰਦਾ ਹੈ** ਭਾਵੇਂ ਉਹ ਮਰ ਜਾਏ ਤਾਂ ਵੀ ਜੀਵੇਗਾ। ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ **ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕੁ ਕਦੇ ਨਾ ਮਰੇਗਾ।** ਕੀ ਤੂੰ ਇਸ ਗੱਲ ਦੀ ਪਰਤੀਤ ਕਰਦੀ ਹੈਂ?

# ਯਿਸੂ ਮਸੀਹ ਸੱਚਮੁੱਚ ਜੀਉਂਦਾ ਹੈ! ਲੂਕਾ 24:34

ਕੁਲੁੱਸੀਆਂ 1:18 ਅਤੇ **ਉਹ** ਦੇਹੀ ਦਾ ਅਰਥਾਤ ਕਲੀਸਿਯਾ ਦਾ **ਸਿਰ ਹੈ**, ਉਹੋ **ਆਦ** ਹੈ ਅਤੇ **ਮੁਰਦਿਆਂ ਵਿੱਚੋਂ ਜੇਠਾ** ਹੈ ਭਈ ਉਹ ਸਭਨਾਂ ਗੱਲਾਂ ਵਿੱਚ **ਪਰਧਾਨ ਹੋਵੇ।**

**ਜੀ ਉੱਠਣ** ਦੇ ਦੁਆਰਾ, ਉਹ ਸਾਡੇ ਲਈ ਜੀਵਨ ਦਾ **ਆਦ** ਹੈ, ਅਤੇ **ਮੁਰਦਿਆਂ ਵਿੱਚੋਂ ਜੇਠਾ** ਹੋਣ ਦੇ ਕਾਰਨ ਦੂਸਰਾ, ਤੀਸਰਾ ਆਦਿ. ਵੀ ਹੋਣਗੇ। ਅਸੀਂ ਆਪਣੇ ਅਪਰਾਧਾਂ ਵਿੱਚ ਮੁਰਦੇ ਸੀ (ਅਫਸੀਆਂ 2:5) ਪਰ ਕਿਉਂਕਿ ਉਹ "ਜੇਠਾ" ਸੀ **ਅਸੀਂ** ਵੀ ਮੁਰਦਿਆਂ ਵਿੱਚੋਂ **ਦੁਬਾਰਾ ਜਨਮ ਲੈ ਸਕਦੇ ਹਾਂ**! ! !

ਹਾਲੇਲੂਯਾਹ ਮੌਤ ਫਤਹ ਦੀ ਬੁਰਕੀ ਹੋ ਗਈ। (1 ਕੁਰਿੰਥੀਆਂ 15:54-57)